ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਜਦੋਂ ਵਿਛੜੇ ਦਿਲਾ ਦੇ ਜਾਂਨੀ...

ਮੌਤ ਅਤੇ ਗੂੜੀ ਨੀਂਦ ਦਾ ਬਿਲਕੁਲ ਨੇੜੇ ਦਾ ਸੰਬੰਧ ਹੈ। ਸ਼ਾਇਦ ਮੌਤ ਵੀ ਗੂੜੀ ਨੀਂਦ ਵਾਲਾ ਆਨੰਦ ਹੀ ਹੋਵੇ ਪਰ ਇਸ ਦਾ ਕਦੇ ਕੋਈ ਤਜਰਬਾ ਕਰ ਕੇ ਨਹੀਂ ਦੇਖ ਸਕਿਆ ਤੇ ਨਾ ਕੋਈ ਇਹ ਤਜਰੁਬਾ ਕਰਕੇ ਵੇਖ ਸਕਦਾ ਹੈ। ਅਸਲ ਵਿਚ ਤਾਂ ਜ਼ਿੰਦਗੀ ਚਾਰ ਕੁ ਦਿਨਾਂ ਦਾ ਮੇਲਾ ਹੀ ਹੈ ਪਤਾ ਨਹੀਂ ਕਦੋਂ ਬੁਲਾਵਾ ਆ ਜਾਣਾ ਹੈ। ਜਦੋਂ ਛੋਟੇ ਹੁੰਦੇ ਸੀ ਤਾਂ ਆਪਣੇ ਦਾਦਾ ਜੀ ਸ. ਕਰਤਾਰ ਸਿੰਘ ਪੁਰਬਾ ਤੋਂ ਸੁਣਦੇ ਸੀ ਕਿ ਮਰਨਾ ਸੱਚ ਤੇ ਜਿਉਣਾ ਝੂਠ। ਪਰ ਉਦੋਂ ਇਨਾਂ ਗੱਲਾ ਦੀ ਸਮਝ ਨਹੀਂ ਸੀ ਆਉਂਦੀ ਕਿ ਬਜ਼ੁਰਗ ਕੀ ਕਹਿ ਰਹੇ ਹਨ। ਹੁਣ ਜਦੋਂ ਕਿਸੇ ਤੋਂ ਸੁਣੀਦਾ ਹੈ ਕਿ ਫਲਾਨਾ ਰਾਤ ਨੂੰ ਚੰਗਾ ਭਲਾ ਪਿਆ ਸੀ ਪਰ ਸਵੇਰੇ ਉੱਠਿਆ ਹੀ ਨਹੀਂ ਤਾਂ ਯਕੀਨ ਨਹੀਂ ਆਉਂਦਾ ਕਿ ਇਹ ਕਿਵੇਂ ਹੋ ਸਕਦਾ ਹੈ। ਪਰ ਜਦੋਂ ਅੱਖਾਂ ਸਾਹਮਣੇ ਸਭ ਕੁਝ ਵਾਪਰ ਜਾਂਦਾ ਹੈ ਤਾਂ ਦਾਦਾ ਜੀ ਦੀ ਕਹੀ ਗੱਲ ਚੇਤੇ ਆਉਂਦੀ ਹੈ ਕਿ ਵਾਕਿਆ ਹੀ ਮਰਨਾ ਸੱਚ ਤੇ ਜਿਉਣਾ ਝੂਠ। ਵੈਸੇ ਮੌਤ ਹੀ ਜ਼ਿੰਦਗੀ ਨੂੰ ਰੋਮਾਂਚਕਾਰੀ ਬਣਾਉਂਦੀ ਹੈ। ਮੌਤ ਦੇ ਡਰ ਕਾਰਨ ਹੀ ਜ਼ਿੰਦਗੀ ਦੀ ਕਸ਼ਮਕਸ਼ ਚੱਲ ਰਹੀ ਹੈ ਜੇਕਰ ਮੌਤ ਦਾ ਡਰ ਨਾ ਹੋਵੇ ਤਾਂ ਜ਼ਿੰਦਗੀ ਬੇ-ਅਰਥ ਤੇ ਬੇ-ਰਸ ਹੋ ਜਾਵੇ। ਫੇਰ ਮੌਤ ਨੂੰ ਤਲੀ ਤੇ ਧਰਨ ਵਾਲੇ ਯੋਧਿਆਂ ਵੀਰਾਂ ਦੀ ਤਾਂ ਕੋਈ ਗੱਲ ਹੀ ਨਾ ਕਰੇ। ਵੱਡੇ-ਵੱਡੇ ਮੰਤਰੀ, ਨੇਤਾ ਆਪਣੇ ਸੁਰੱਖਿਆ ਗਾਰਡਾ ਤੋਂ ਵਾਂਝੇ ਹੋ ਜਾਣ। ਦੇਸ਼ ਆਪਣੀਆਂ ਫੌਜਾਂ ਬਣਾਉਣੀਆਂ ਬੰਦ ਕਰ ਦੇਣ। ਨੀਮ ਹਕੀਮ ਡਾਕਟਰ ਵਿਹਲੇ ਹੋ ਜਾਣ, ਫੇਰ ਨਾ ਹਵਾਈ ਜਹਾਜਾਂ ਦੇ ਡਿੱਗਣ ਖਤਰਾਂ ਹੋਵੇ ਨਾ ਸਮੁੰਦਰੀ ਜਹਾਜ਼ਾ ਦੇ ਡੁੱਬਣ ਦਾ। ਫੇਰ ਤਾਂ ਬਜ਼ੁਰਗ ਵੀ 'ਜੁਗ-ਜੁਗ ਜੀਓ, ਜਵਾਨੀਓ ਮਾਣੋ' ਤੇ 'ਲੰਮੀਆਂ ਉਮਰਾਂ ਹੋਣ' ਵਰਗੀਆਂ ਅਸੀਸਾਂ ਦੇਣੀਆਂ ਭੁਲ ਜਾਣ। ਮੌਤ ਦੇ ਡਰ ਤੋਂ ਬਗੈਰ ਹੋਰ ਪਤਾ ਨਹੀਂ ਕੀ ਕੁਝ ਬਦਲ ਜਾਵੇਗਾ ਜਿਸਦੀ ਆਪਾ ਕਲਪਨਾ ਵੀ ਨਹੀਂ ਕਰ ਸਕਦੇ।

ਜ਼ਿੰਦਗੀ ਜਿਉਣਾ ਤੇ ਜ਼ਿੰਦਗੀ ਲਗਾਉਣਾ ਬਹੁਤ ਵੱਡਾ ਫਰਕ ਹੈ। ਸੁਖੀ ਵਿਅਕਤੀ ਜ਼ਿੰਦਗੀ ਜਿਉਂਦਾ ਹੈ ਉਸ ਦੀਆਂ ਇਛਾਵਾਂ ਵੀ ਬਹੁਤ ਵੱਡੀਆਂ ਹੁੰਦੀਆਂ ਹਨ ਉਸ ਨੂੰ ਮੌਤ ਦਾ ਡਰ ਵੀ ਜ਼ਿਆਦਾ ਹੁੰਦਾ ਹੈ। ਉਸ ਨੂੰ ਮੌਤ ਘੱਟ ਚੇਤੇ ਆਉਂਦੀ ਹੈ ਪਰ ਉਹ ਮੌਤ ਤੋਂ ਬਹੁਤ ਜ਼ਿਆਦਾ ਡਰਦਾ ਹੈ। ਆਮ ਬੰਦਾ ਜ਼ਿੰਦਗ ਲੰਘਾਉਂਦਾ ਹੈ। ਉਹ ਜ਼ਿੰਦਗੀ ਲਈ ਕਈ ਤਰਾਂ ਦੇ ਪਾਪੜ ਵੇਲਦਾ ਹੈ ਉਸ ਦੀਆਂ ਇਛਾਵਾਂ ਸੀਮਤ ਹੁੰਦੀਆਂ ਹਨ ਪਰ ਉਸ ਨੂੰ ਹਰ ਵੇਲੇ ਆਪਣੇ ਘਰ-ਪਰਿਵਾਰ ਦੀ ਚਿੰਤਾ ਵੱਢ-ਵੱਢ ਖਾਂਦੀ ਰਹਿੰਦੀ ਹੈ ਕਿ ਜੇਕਰ ਉਸ ਨੂੰ ਕੁਝ ਹੋ ਗਿਆ ਤਾਂ ਉਸ ਦੇ ਪਰਿਵਾਰ ਦਾ ਕੀ ਬਣੇਗਾ। ਕਿਸੇ ਭਿਆਨਕ ਬੀਮਾਰੀ ਜਾਂ ਦੁੱਖਾਂ ਦਾ ਮਾਰਿਆ ਵਿਅਕਤੀ ਮੌਤ ਤੋਂ ਡਰਦਾ ਨਹੀਂ ਸਗੋਂ ਮੌਤ ਮੰਗਦਾ ਹੈ ਕਿ ਕਦੋਂ ਉਹ ਇਸ ਨਰਕ ਵਿਚੋਂ ਨਿਕਲੇ ਪਰ ਮੌਤ ਉਸ ਕੋਲ ਜਲਦੀ ਆਉਂਦੀ ਨਹੀਂ। ਕਈ ਅਜਿਹੇ ਬਜ਼ੁਰਗ ਆਮ ਹੀ ਦਿਸਦੇ ਹਨ ਜਿਹੜੇ ਆਪਣੀ ਕਿਰਿਆ ਵੀ ਸੋਧ ਨਹੀਂ ਸਕਦੇ ਉਹ ਮੌਤ ਨੂੰ ਆਵਾਜ਼ਾ ਮਾਰਦੇ ਹਨ ਪਰ ਮੌਤ ਉਨਾਂ ਦੇ ਕੋਲ ਨਹੀਂ ਆਉਂਦੀ। ਮੌਤ ਦਾ ਨਾਮ ਹੀ ਦੁਖਦਾਈ ਹੈ। ਮੌਤ ਚਾਹੇ ਕਿਸੇ ਦੀ ਵੀ ਹੋਣੇ ਇਹ ਦਰਦ ਜ਼ਰੂਰ ਦਿੰਦੀ ਹੈ। ਜਿਸ ਦੀ ਮੌਤ ਹੋ ਗਈ ਉਸ ਨੇ ਤਾਂ ਪਤਾ ਨਹੀਂ ਕਿੱਥੇ ਚਲੇ ਜਾਣਾ ਹੈ ਇਸ ਗੱਲ ਦਾ ਤਾਂ ਵੱਡੇ-ਵੱਡੇ ਵਿਗਿਆਨਕ ਵੀ ਪਤਾ ਨਹੀਂ ਲਗਾ ਸਕੇ ਕਿ ਬੰਦਾ ਮਰਨ ਤੋਂ ਬਾਅਦ ਕਿੱਥੇ ਜਾਂਦਾ ਹੈ। ਪਰ ਉਸ ਜਾਣ ਵਾਲੇ ਨਾਲ ਜਿਸ -ਜਿਸ ਦਾ ਜਿਨਾਂ-ਜਿਨਾਂ ਪਿਆਰ ਹੁੰਦਾ ਹੈ ਉਹ ਉਨਾ-ਉਨਾ ਤੜਫਦੇ ਹਨ। ਜਿਹੜਾ ਮਰ ਗਿਆ ਉਸ ਨੇ ਸਾਨੂੰ ਦੁਆਰਾ ਕਦੇ ਵੀ ਨਹੀਂ ਮਿਲਣਾ ਹੁੰਦਾ। ਜਵਾਨ ਪੁੱਤਰ ਦੀ ਮੌਤ ਹੋ ਜਾਵੇ ਤਾਂ ਮਾਂ ਨਾਲ ਮਰਨ ਤੱਕ ਜਾਂਦੀ ਹੈ। ਜਵਾਨ ਪੁੱਤ ਦੀ ਮੌਤ ਮਾਂ-ਬਾਪ ਲਈ ਸਭ ਤੋਂ ਭਿਆਨਕ ਹੁੰਦੀ ਹੈ ਮਾਂ-ਬਾਪ ਦਾ ਵੱਸ ਚੱਲੇ ਤਾਂ ਉਹ ਪੁੱਤ ਦੀ ਥਾਂ ਆਪ ਮੌਤ ਦੇ ਨਾਲ ਚਲੇ ਜਾਣ।

ਆਪਣਿਆਂ ਦੀ ਮੌਤ ਕਿੰਨੀ ਦੁਖਦਾਈ ਹੁੰਦੀ ਹੈ ਇਹ ਉਦੋਂ ਹੀ ਪਤਾ ਲੱਗਦਾ ਹੈ ਜਦੋਂ ਸਾਡਾ ਕੋਈ ਪਿਆਰਾ ਸਾਥੋਂ ਸਦਾ ਲਈ ਵਿਛੜ ਜਾਂਦਾ ਹੈ। ਇਕ ਦਿਨ ਸਾਡੇ ਸੀਨੀਅਰ ਪੱਤਰਕਾਰ ਧਰਮਜੀਤ ਸਮਰਾ ਜੀ ਸਾਡੀ ਮੀਟਿੰਗ ਵਿਚ ਆਏ ਉਹ ਸਾਡੇ ਨਾਲ ਆਉਣ ਵਾਲੇ ਸਮੇਂ ਵਿਚ ਕਰਵਾਏ ਜਾਣ ਵਾਲੇ ਪ੍ਰੋਗਰਾਮ ਉਲੀਕ ਰਹੇ ਸਨ। ਅਸੀਂ ਮੀਟਿੰਗ ਦੀ ਸਮਾਪਤੀ ਤੇ ਅਗਲੀ ਮੀਟਿੰਗ ਦਾ ਟਾਈਮ ਇਕ ਹਫ਼ਤੇ ਤੇ ਪਾ ਦਿੱਤਾ। ਮੀਟਿੰਗ ਤੋਂ ਤੀਸਰੇ ਦਿਨ ਸਾਨੂੰ ਕਿਸੇ ਦਾ ਫੋਨ ਆਇਆ ਕਿ ਸਮਰਾ ਜੀ ਦਾ ਦੇਹਾਂਤ ਹੋ ਗਿਆ ਹੈ। ਇਹ ਸੁਣ ਕੇ ਸਾਡੇ ਪੈਰਾਂ ਹੇਠੋਂ ਜਮੀਨ ਨਿਕਲ ਗਈ। ਸਾਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਸਮਰਾ ਜੀ ਦਾ ਦੇਹਾਂਤ ਹੋ ਗਿਆ ? ਦੋ ਦਿਨ ਪਹਿਲਾਂ ਤਾਂ ਉਹ ਸਾਡੇ ਨਾਲ ਪ੍ਰੋਗਰਾਮ ਕਰਵਾਉਣ ਦੀ ਬਿਉਂਤ ਬਣਾ ਕੇ ਗਏ ਹਨ ਉਹ ਚੰਗੇ ਭਲੇ ਰਿਸ਼ਟ-ਪੁਸ਼ਟ ਆਦਮੀ ਸਨ ਕਿਸੇ ਨੂੰ ਕੋਈ ਗਲਤ ਫਹਿਮੀ ਹੋ ਗਈ ਹੋਵੇਗੀ। ਪਰ ਤਾਇਆ ਜੀ ਸਾਡੀਆਂ ਗੱਲਾਂ ਸੁਣ ਕੇ ਕਹਿਣ ਲੱਗੇ ਕਾਕਾ, ਮਰਨਾ ਸੱਚ ਤੇ ਜਿਉਣਾ ਝੂਠ। ਅਸੀਂ ਜਦੋਂ ਸਮਰਾ ਜੀ ਦੇ ਪਿੰਡ ਜਾ ਕੇ ਵੇਖਿਆ ਤਾਂ ਵਾਕਿਆ ਹੀ 'ਮਰਨਾ ਸੱਚ' ਵਾਲੀ ਗੱਲ ਹੋਈ ਪਈ ਸੀ । ਸਾਨੂੰ ਉਥੇ ਜਾ ਕੇ ਪਤਾ ਲੱਗਾ ਕੇ ਸਵੇਰੇ ਉਨਾਂ ਨੂੰ ਹਾਰਟ ਅਟੈਕ ਹੋ ਗਿਆ। ਹਾਰਟ ਅਟੈਕ ਤਾਂ ਬਹਾਨਾ ਬਣ ਗਿਆ। ਮੌਤ ਨੇ ਇਲਜਾਮ ਆਪਣੇ ਸਿਰ ਨਹੀਂ ਸੀ ਲੈਣਾ। ਜਿਸ ਦਿਨ ਸਮਰਾ ਜੀ ਮੀਟਿੰਗ ਤੇ ਆਏ ਸਨ ਉਨਾਂ ਦੇ ਨਾਲ ਉਨਾਂ ਦਾ 10-11 ਸਾਲ ਦਾ ਬੱਚਾ ਵੀ ਸੀ। ਸਮਰਾ ਜੀ ਕਹਿੰਦੇ, ਇਹ ਮੇਰੇ ਬਿਨਾਂ ਬਿਲਕੁਲ ਨਹੀਂ ਰਹਿੰਦਾ। ਇਸ ਲਈ ਮੈਂ ਇਸ ਨੂੰ ਆਪਣੇ ਨਾਲ ਹੀ ਲੈ ਆਇਆ ਪਰ ਕੀ ਪਤਾ ਸੀ ਕਿ ਤੁਸੀਂ ਤਾਂ ਉਥੋਂ ਚਲੇ ਜਾਣਾ ਹੈ ਜਿਥੋਂ ਕਦੇ ਨਹੀਂ ਮੁੜਣਾ। ਹੁਣ ਸਮਰਾ ਜੀ ਤੋਂ ਕੌਣ ਪੁੱਛੇ ਕਿ ਤੁਹਾਡਾ ਬੇਟਾ ਹੁਣ ਤੁਹਾਡੇ ਬਿਨਾਂ ਕਿਵੇਂ ਰਹੇਗਾ। ਹੁਣ ਉਸ ਬੱਚੇ ਦਾ ਸਹਾਰਾ ਕੌਣ ਬਣੇਗਾ।

'ਕੌਣ ਸਾਹਿਬ ਨੂੰ ਆਖੇ ਇਉਂ ਨਹੀਂ ਇੰਝ ਕਰ' ਰੱਬ ਨੂੰ ਕੌਣ ਕਹੇ ਕਿ ਤੂੰ ਆਪਣਾ ਮੌਤ ਦਾ ਸਿਸਟਮ ਬਦਲ। ਜਿਹੜੇ ਮੌਤ ਮੰਗਦੇ ਹਨ ਨਰਕ ਤੋਂ ਬੱਤਰ ਜ਼ਿੰਦਗੀ ਜਿਉਂ ਰਹੇ ਹਨ ਉਨਾਂ ਨੂੰ ਮੌਤ ਨਹੀਂ ਮਿਲਦੀ ਹੈ ਜਿਸਦੀ ਸਭ ਨੂੰ ਜ਼ਰੂਰਤ ਹੁੰਦੀ ਹੈ ਉਸ ਨੂੰ ਮੌਤ ਬਹੁਤ ਜਲਦੀ ਲੈ ਜਾਦੀ। ਪਰ ਉਲਾਂਭਾ ਕਿਸ ਨੂੰ ਦੇਈਏ ...? ਕਹਿੰਦੇ ਹਨ ਜਦੋਂ ਪ੍ਰਮਾਤਮਾ ਨੇ ਸ਼੍ਰਿਸ਼ਟੀ ਸਾਜੀ ਤਾਂ ਸਾਰੇ ਦੇਵੀ ਦੇਵਤਿਆਂ ਨੂੰ ਵੱਖਰੇ-ਵੱਖਰੇ ਕਾਰਜ ਸੋਪ ਦਿੱਤੇ ਪਰ ਜਦੋਂ ਇਹ ਡਿਊਟੀ ਲਗਾਉਣੀ ਸੀ ਕਿ ਬੰਦਿਆਂ ਦੀ ਜਾਨ ਕੱਢ ਕੇ ਲਿਆਉਣੀ ਹੈ ਤਾਂ ਇਸ ਡਿਊਟੀ ਤੇ ਸਾਰਿਆਂ ਨੇ ਇੰਨਕਾਰ ਕਰ ਦਿੱਤਾ ਕਿ ਅਸੀਂ ਅਜਿਹੀ ਡਿਊਟੀ ਨਹੀਂ ਕਰਨੀ, ਲੋਕ ਸਾਨੂੰ ਬਦ-ਅਸੀਸਾਂ ਦੇਣਗੇ। ਜਦੋਂ ਕੋਈ ਵੀ ਇਸ ਡਿਊਟੀ ਲਈ ਨਹੀਂ ਮੰਨਿਆ ਤਾਂ ਸਾਰੀ ਸੋਚ ਵਿਚਾਰ ਕਰਕੇ ਰੱਬ ਨੇ ਮੌਤ ਨੂੰ ਇਸ ਡਿਊਟੀ ਲਈ ਇਹ ਕਹਿ ਕੇ ਮਨਾ ਲਿਆ ਕੇ ਤੇਰੇ ਤੋਂ ਕੋਈ ਇਲਜਾਮ ਨਹੀਂ ਆਵੇਗਾ। ਜਦੋਂ ਵੀ ਕੋਈ ਮਰਿਆ ਕਰੇਗਾ ਤਾਂ ਉਸ ਦਾ ਜ਼ਰੂਰ ਕੋਈ ਨਾ ਕੋਈ ਬਹਾਨਾ ਬਣਿਆ ਕਰੇਗਾ। ਕੋਈ ਤੇਰੇ ਤੇ ਇਲਜਾਮ ਨਹੀਂ ਲਾਵੇਗਾ ਕਿ ਮੌਤ ਫਲਾਨੇ ਨੂੰ ਲੈ ਗਈ। ਉਸ ਦਿਨ ਤੋਂ ਹੀ ਅੱਜ ਤੱਕ ਜਦੋਂ ਵੀ ਕੋਈ ਮਰਦਾ ਹੈ ਤਾਂ ਉਸ ਦਾ ਕੋਈ ਨਾ ਕੋਈ ਬਹਾਨਾ ਜ਼ਰੂਰ ਬਣਦਾ ਹੈ। ਪਤਾ ਨਹੀਂ ਉਪਰੋਕਤ ਕਹਾਣੀ ਇਤਿਹਾਸਕ ਹੈ ਜਾਂ ਮਿਥਿਹਾਸਕ। ਇਸ ਦਾ ਸੱਚਾਈ ਨਾਲ ਕੋਈ ਸੰਬੰਧ ਹੈ ਜਾਂ ਨਹੀਂ ਪਰ ਹਰੇਕ ਦੀ ਮੌਤ ਦਾ ਕੋਈ ਨਾ ਕੋਈ ਬਹਾਨਾ ਜ਼ਰੂਰ ਬਣਦਾ ਹੈ। ਸਭ ਨੂੰ ਪਤਾ ਹੈ ਕਿ ਜ਼ਿੰਦਗੀ ਚਾਰ ਕੁ ਦਿਨਾਂ ਦਾ ਮੇਲਾ ਹੈ ਅਸਾਂ ਸਭ ਨੇ ਇਕ ਦਿਨ ਇਸ ਦੁਨੀਆਂ ਨੂੰ ਅਲਵਿਦਾ ਆਖ ਕੇ ਤੁਰ ਜਾਣਾ ਹੈ ਫਿਰ ਵੀ ਬੰਦਾ ਦਿਨ-ਰਾਤ ਮੇਰੀ- ਮੇਰੀ ਕਰਦਾ ਭੱਜਿਆ ਫਿਰਦਾ ਹੈ। ਦਿਨ ਰਾਤ ਧੰਨ-ਦੌਲਤ ਸ਼ੋਹਰਤ ਨੂੰ ਇਕੱਠੀ ਕਰਨ ਤੇ ਜ਼ੋਰ ਦਿੰਦਾ ਰਹਿੰਦਾ ਹੈ। ਆਪਣੇ ਸਵਾਰਥ ਦੀ ਖਾਤਰ ਬੁਰੇ ਤੇ ਬੁਰੇ ਕਰਨ ਤੋਂ ਵੀ ਪ੍ਰਹੇਜ ਨਹੀਂ ਪਤਾ ਕਰਦਾ। ਸਭ ਨੂੰ ਸਭ ਕੁਝ ਦਿਸ ਰਿਹਾ ਹੈ ਕੋਈ ਕੁਝ ਨਹੀਂ ਲੈ ਕੇ ਗਿਆ ਅਸੀਂ ਵੀ ਨਹੀਂ ਲਿਜਾ ਸਕਣਾ ਪਰ ਫਿਰ ਵੀ ਅਸੀਂ ਭਟਕਦੇ ਹੀ ਕਿਉਂ ਫਿਰਦੇ ਹਾਂ ? ਜਦੋਂ ਅਸੀਂ ਕਿਸੇ ਅਰਥੀ ਦੇ ਨਾਲ ਜਾਂ ਕਿਸੇ ਸੰਸਕਾਰ ਤੇ ਜਾਈਏ ਉਸ ਸਮੇਂ ਅਸੀਂ ਸੱਚਾਈ ਦੇ ਨੇੜੇ ਹੁੰਦੇ ਹਾਂ ਉਨਾਂ ਚਿਰ ਅਸਲੀਅਤ ਦੇ ਦਰਸ਼ਨ ਹੁੰਦੇ ਹਨ ਪਰ ਘਰ ਆਉਂਦਿਆਂ ਸਾਰ ਹੀ ਮੋਹ ਮਾਇਆ ਵਿਚ ਫਸ ਕੇ ਫੇਰ ਮੌਤ ਵਿਸਰ ਜਾਂਦੀ ਹੈ ।

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

ਮਹਿਕ ਵਤਨ ਦੀ

Monthly 'Mehak Watan Di Live' Moga ● ਲਾਈਵ

Title Regd. No. PunPun-04016 Year 2 Edition 4 Issue Date 3.7.16

Chief Editor : Bhawandeep Singh Purba
Vice-Chief Editor : Bhagwanti Purba
Editor in Canada : Bhajan Singh Bahmba
Online Editor : Kamaljeet Singh Purba
Legal Advisior : Advocate Nasib Bawa

BHAJAN BAHMBA
Sales Representative
cabhajan@gmail.com



Dir : 647.960.0200

HOMELIFE
HIGHER STANDARDS
HomeLife Lifetime Realty Inc.
Brokerage Each Office Indeoencently Owned & Operated
Off: 905.497.2300 / Fax: 905.497.0400

'ਮਹਿਕ ਵਤਨ ਦੀ ਲਾਈਵ' ਸਬੰਧੀ ਹਰ ਪ੍ਰਕਾਰ ਦਾ ਚੰਦਾ ਸਿਰਫ਼ ਚੈਕ, ਡ੍ਰਾਫਟ ਜਾਂ ਮਨੀਆਰਡਰ ਰਾਹੀਂ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜੋ ਜੋ ਮੋਗਾ (ਪੰਜਾਬ) ਵਿਚ ਭੁਗਤਾਨ ਯੋਗ ਹੋਵੇ। ਜਾਂ ਤੁਸੀਂ ਆਪਣਾ ਚੰਦਾ ਸਾਡੇ ਅਕਾਊਂਟ ਨੰਬਰ CA-01/000046/Mehak Wattan Di (IFSC Code Corp0000664) ਕਾਰਪੋਰੇਸ਼ਨ ਬੈਂਕ ਵਿਚ ਜਮ੍ਹਾ ਕਰਵਾ ਸਕਦੇ ਹੋ। - ਸੰਪਾਦਕ

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗ੍ਰੇਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫ਼ਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ Help Line: (+91) 9988-92-9988 ਤੇ ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ ਹੀ ਸੰਪਰਕ ਕੀਤਾ ਜਾਵੇ।